بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅ 28.01.2022

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਜਨਵਰੀ 2022 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ, ਅੱਜ ਵੀ ਇਹੋ ਜ਼ਿਕਰ ਚੱਲੇਗਾ । ਹਮਰਾਉਲ ਅਸਦ ਦੀ ਜੰਗ ਬਾਰੇ ਲਿਖਿਆ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਫ਼ਤੇ (ਸ਼ਨੀਵਾਰ) ਦੇ ਦਿਨ ਉਹਦ ਤੋਂ ਆਏ ਤਾਂ ਅਗਲੇ ਹੀ ਦਿਨ ਸਵੇਰ ਸਮੇਂ ਹਰਤ ਅਬਦੁਲੱਾਹ ਬਿਨ ਉਮਰੋ ਬਿਨ ਔਫ਼ ਮਜ਼ਨੀ ਨੇ ਕੁਰੈਸ਼ ਦੇ ਦੁਬਾਰਾ ਹਮਲੇ ਬਾਰੇ ਮਸ਼ਵਰੇ ਤੇ ਤਿਆਰੀ ਦੀ ਖ਼ਬਰ ਦਿੱਤੀ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨਾਲ ਮਸ਼ਵਰੇ ਦੇ ਬਾਦ ਦੁਸ਼ਮਣ ਨਾਲ ਮੁਕਾਬਲੇ ਲਈ ਚਲੱਣ ਦਾ ਫ਼ੈਸਲਾ ਕੀਤਾ ਅਤੇ ਐਲਾਨ ਕਰਵਾ ਦਿਤੱਾ ਕਿ ਸਾਡੇ ਨਾਲ ਉਹੋ ਨਿਕਲੇ ਜੋ ਬੀਤੇ ਦਿਨ ਲੜਾਈ ਵਿੱਚ ਸ਼ਾਮਲ ਸੀ । ਇਸ ਮੌਕੇ'ਤੇ ਆਪ ਜੀ ਨੇ ਆਪਣਾ ਝੰਡਾ ਹਜਰਤ ਅਲੀ ਰਜ਼ੀ ਅਲੱਾਹੁ ਅਨਹੁ ਜਾਂ ਇਕ ਰਿਵਾਇਤ ਅਨੁਸਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਸੁਪੁਰਦ ਕੀਤਾ । ਮੁਸਲਮਾਨਾ ਦਾ ਇਹ ਜਥੱਾ ਅਜੇ ਮਦੀਨੇ ਤੋਂ ਅੱਠ ਮੀਲ ਦੀ ਦੂਰੀ'ਤੇ ਹਮਰਾਉਲ ਅਸਦ ਹੀ ਪਹੁੰਚਿਆ ਸੀ ਕਿ ਮੁਸ਼ਰਕਾਂ ਨੇ ਖ਼ੌਫ਼ ਅਨੁਭਵ ਕਰਦਿਆਂ ਹੋਇਆਂ ਮਦੀਨੇ ਦਾ ਨਿਸ਼ਚਾ ਤਿਆਗ ਦਿਤੱਾ ਅਤੇ ਮੱਕੇ ਪਰਤ ਗਏ ।

ਬਨੂ ਨਜ਼ੀਰ ਦੀ ਜੰਗ ਚਾਰ ਹਿਜਰੀ ਵਿੱਚ ਹੋਈ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੱਸ ਸਹਾਬਾ ਨਾਲ ਜਿੰਨ੍ਹਾ ਵਿੱਚ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਵੀ ਸ਼ਾਮਲ ਸਨ ਬਨੂ ਆਮਰ ਦੇ ਦੋ ਕਤਲ ਹੋਇਆਂ ਦੀ ਦੀਯਤ (ਹਰਜਾਨਾ) ਵਸੂਲ ਕਰਨ ਲਈ ਯਹੂਦੀਆਂ ਕੋਲ ਪਹੁੰਚੇ ਤਾਂ ਉਹਨਾ ਨੇ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਖਾਣਾ ਖਾਣ ਦੀ ਦਾਵਤ ਦਿੱਤੀ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਇਕ ਕੰਧ ਨਾਲ ਬੈਠੇ ਸਨ ਕਿ ਯਹੂਦੀਆਂ ਨੇ ਆਪੋ ਵਿੱਚ ਸਲਾਹ ਕਰਕੇ ਸਾਜ਼ਸ਼ ਕੀਤੀ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਮਾਰ ਮੁਕਾਉਂਣ ਲਈ ਇਸ ਤੋਂ ਚੰਗਾ ਮੌਕਾ ਹੋਰ ਨਹੀਂ ਮਿਲੇਗਾ । ਉਮਰੋ ਬਿਨ ਹਜਾਸ਼ ਨੇ ਇਹ ਹਾਮੀ ਭਰੀ ਕਿ ਉਹ ਘਰ ਦੀ ਛੱਤ'ਤੇ ਚੜ੍ਹਕੇ ਆਪ ਸਲਲੱਾਹੁ ਅਲੈਹਿ ਵਸਲੱਮ'ਤੇ ਇਕ ਵੱਠਾ ਪਥੱਰ ਸੁੱਟ ਦੇਵੇਗਾ । ਸਲਾਮ ਬਿਨ ਮਸ਼ਕਮ ਇਕ ਸਰਦਾਰ ਨੇ ਯਹੂਦੀਆਂ ਨੂੰ ਇਸ ਨਿਸ਼ਚੇ ਤੋਂ ਬਾਜ਼ ਰਹਿਣ ਦਾ ਮਸ਼ਵਰਾ ਦਿੱਤਾ ਅਤੇ ਕਿਹਾ ਕਿ ਇਹ ਅਹਿਦ ਤੋੜਨਾ ਹੈ ਅਤੇ ਜੋ ਕੁਝ ਤੁਸੀਂ ਸੋਚ ਰਹੇ ਹੋ ਉਹ ਉਹਨਾ ਨੂੰ ਅਵਸ਼ ਖ਼ਬਰ ਮਿਲ ਜਾਵੇਗੀ । ਸੋ, ਅਜਿਹਾ ਹੀ ਹੋਇਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਕੋਲ ਅਕਾਸ਼ ਤੋਂ ਇਸ ਸਾਜ਼ਸ਼ ਦੀ ਖ਼ਬਰ ਆ ਗਈ , ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਝੱਟ ਆਪਣੀ ਥਾਂ ਤੋਂ ਉੱਠੇ ਅਤੇ

ਆਪਣੇ ਸਾਥੀਆਂ ਨੂੰ ਉੱਥੇ ਹੀ ਛਡੱਕੇ ਤੇਜ਼ੀ ਨਾਲ ਮਦੀਨੇ ਆ ਗਏ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਮੁਹਮੱਦ ਬਿਨ ਮੁਸਲਮਾ ਨੂੰ ਬਨੂ ਨਜ਼ੀਰ ਕੋਲ ਇਸ ਸੰਦੇਸ਼ ਨਾਲ ਭੇਜਿਆ ਕਿ ਤੁਸੀਂ ਮੇਰੇ ਸ਼ਹਿਰ ਵਿੱਚੋਂ ਨਿਕਲ ਜਾਓ, ਕਿਉਂਕਿ ਜੋ ਮਨਸੂਬਾ ਤੁਸੀਂ ਲੋਕਾਂ ਨੇ ਬਣਾਇਆ ਸੀ ਉਹ ਗਦੱਾਰੀ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮੱ ਨੇ ਯਹੂਦੀਆਂ ਨੂੰ ਦੱਸ ਦਿਨ ਦੀ ਮੁਹਲਤ ਦਿੱਤੀ । ਯਹੂਦੀਆਂ ਨੇ ਇਨਕਾਰ ਕਰ ਦਿਤੱਾ ਅਤੇ ਕਿਹਾ ਕਿ ਅਸੀਂ ਆਪਣਾ ਵਤਨ ਨਹੀਂ ਛਡੱਾਂਗੇ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਨਲੱਮ ਨੇ ਬਨੂ ਨਜ਼ੀਰ ਦੇ ਕਿਲਿਆਂ ਦੀ ਸਖ਼ਤੀ ਨਾਲ ਘੇਰਾਬੰਦੀ ਕੀਤੀ ਅਤੇ ਉਹਨਾ ਦੀ ਮਦਦ ਲਈ ਕੋਈ ਨਹੀਂ ਆਇਆ । ਰੱਬ ਦੇ ਯਹੂਦੀਆਂ ਦੇ ਦਿਲਾਂ ਵਿੱਚ ਅਜਿਹਾ ਰੁਹਬ ਪਾਇਆ ਕਿ ਅਖ਼ੀਰ ਉਹ ਵਤਨ ਛਡੱਣ ਲਈ ਤਿਆਰ ਹੋ ਗਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਅੰਸਾਰ ਦੀ ਆਗਿਆ ਨਾਲ ਬਨੂ ਨਜ਼ੀਰ ਦੀ ਜੰਗ ਤੋਂ ਪ੍ਰਾਪਤ ਹੋਣ ਵਾਲੇ ਮਾਲੇ ਗ਼ਨੀਮਤ ਨੂੰ ਮਹਾਗਰਾਂ ਵਿੱਚ ਵੰਡ ਦਿਤੱਾ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਹੇ, ਅੰਸਾਰ ਦੀ ਜਮਾਤ ਰੱਬ ਤੁਹਾਨੂੰ ਇਸ ਦਾ ਚੰਗਾ ਪ੍ਰਤੀਫ਼ਲ ਪ੍ਰਦਾਨ ਕਰੇ ।

ਬਦਰ ਅਲਮੋਅਦ ਦੀ ਜੰਗ ਚਾਰ ਹਿਜਰੀ ਦੀ ਘਟਨਾ ਹੈ । ਅਬੂ ਸੁਫ਼ਯਾਨ ਨੇ ਉਹਦ ਤੋਂ ਵਾਪਸੀ'ਤੇ ਐਲਾਨ ਕੀਤਾ ਸੀ ਕਿ ਭਵਿੱਖ ਵਿੱਚ ਅਗਲੇ ਸਾਲ ਸਾਡ ਮੁਲਾਕਾਤ ਬਦਰ ਅਲਸਫ਼ਰਾਅ ਦੇ ਸਥਾਨ'ਤੇ ਹੋਵੇਗੀਅਸੀਂ ਉੱਥੇ ਜੰਗ ਕਰਾਂਗੇ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਰਮਾਇਆ ਇਸ ਨੂੰ ਕਹੋ, ਇਨਸ਼ਾਅਲੱਾਹ । ਬਦਰ ਮਦੀਨੇ ਤੋਂ ਉਤੱਰ ਪਛੱਮ ਵਿੱਚ 150 ਕਿਲੋਮੀਟਰ ਦੀ ਦੂਰੀ'ਤੇ ਸਿਥਿਤ ਹੈ । ਜਹਾਲਤ ਦੇ ਕਾਲ ਵਿੱਚ ਇਸ ਥਾਂ ਹਰ ਸਾਲ ਪਹਿਲੀ ਜ਼ਕਾਅਦਾ ਤੋਂ ਅੱਠ ਦਿਨਾਂ ਤੱਕ ਇਕ ਬਹੁਤ ਵਡੱਾ ਮੇਲਾ ਲੱਗਿਆ ਕਰਦਾ ਸੀ । ਅਗਲੇ ਸਾਲ ਜੱਦ ਵਾਦੇ ਅਨੁਸਾਰ ਸਮਾਂ ਨੇੜੇ ਆਇਆ ਤਾਂ ਅਬੂ ਸੁਫ਼ਯਾਨ ਮੁਕਾਬਲੇ ਤੋਂ ਘਬਰਾਉਂਣ ਲਗੱਾ ਅਤੇ ਸਾਰੇ ਅਰਬ ਦੇਸ਼ ਵਿੱਚ ਇਹ ਗੱਲ ਮਸ਼ਹੂਰ ਕਰ ਦਿੱਤੀ ਕਿ ਮੁਸਲਮਾਨਾ ਨਾਲ ਮੁਕਾਬਲੇ ਲਈ ਬਹੁਤ ਵਡੱਾ ਤਿਆਰ ਕਰ ਰਿਹਾ ਹੈ ਤਾਂ ਜੋ ਮੁਸਲਮਾਨ ਇਸ ਤਿਆਰੀ ਤੋਂ ਘਬਰਾ ਜਾਣ ਅਤੇ ਮੁਕਾਬਲੇ ਲਈ ਨ ਆਉਂਣ । ਇਕ ਰਿਵਾਇਤ ਅਨੁਸਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਵੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ । ਉਹਨਾਂ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਅਲੱਾਹ ਆਪਣੇ ਧਰਮ ਨੂੰ ਗ਼ਾਲਬ ਕਰੇਗਾ ਆਪਣੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਸਨਮਾਨ ਪ੍ਰਦਾਨ ਕਰੇਗਾ । ਅਸੀਂ ਕੌਮ ਨਾਲ ਵਾਦਾ ਕੀਤਾ ਸੀ ਅਤੇ ਅਸੀਂ ਇਸ ਤੋਂ ਬੇਮੁਖੀ ਪਸੰਦ ਨਹੀਂ ਕਰਦੇ । ਉਹ ਅਰਥਾਤ ਕੁਫ਼ਾਰ (ਇਨਕਾਰੀ) ਇਸਨੂੰ ਬੁਜ਼ਦਿਲੀ ਸਮਝਣਗੇ । ਆਪ ਵਾਦੇ ਅਨੁਸਾਰ ਚਲੱਣ । ਰੱਬ ਨੇ ਚਾਹਿਆ ਇਸ ਵਿੱਚ ਅਵਸ਼ ਭਲਾਈ ਹੈ । ਇਹ ਭਾਵਨਾਵਾਂ ਸੁਣਕੇ ਆਪ ਸਲਲੱਾਹੁ ਅਲੈਹਿ ਵਸਲੱਮ ਬਹੁਤ ਖ਼ੁਸ਼ ਹੋਏ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਪੰਦਰ੍ਹਾਂ ਸੌ ਸਹਾਬਾ ਦੇ ਨਾਲ ਬਦਰ ਵੱਲ ਚੱਲ ਪਏ ਪਰੰਤੂ ਅਬੂ ਸੁਫ਼ਯਾਨ ਲਸ਼ਕਰ ਨਾਲ ਉੱਥੇ ਨ ਆਇਆ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸਲਾਮੀ ਲਸ਼ਕਰ ਅੱਠ ਦਿਨ ਬਦਰ ਵਿੱਚ ਠਹਿਰਿਆ ਰਿਹਾ । ਇੱਥੇ ਸਹਾਬਾ ਨੇ ਮੇਲੇ ਵਿੱਚ ਵਪਾਰ ਕਰਕੇ ਵਾਹਵਾ ਲਾਭ ਕਮਾਇਆ ਇੱਥੋਂ ਤੱਕ ਕਿ ਆਪਣੇ ਮਾਲ ਤੇ ਰਾਸ ਨੂੰ ਦੂਣਾ ਕਰ ਲਿਆ ।

ਬਨੂ ਮੁਸਤਲਕ ਦੀ ਜੰਗ ਸ਼ਾਬਾਨ ਪੰਜ ਹਿਜਰੀ ਵਿੱਚ ਹੋਈ । ਬਨੂ ਮੁਸਤਲਕ ਦੀ ਜੰਗ ਦਾ ਦੂਜਾ ਨਾਂ ਮਰੀਸੀ ਵੀ ਹੈ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਤੱਕ ਇਹ ਖ਼ਬਰ ਪਹੁੰਚੀ ਸੀ ਕਿ ਬਨੂ ਮੁਸਤਲਕ ਨੇ ਮੁਸਲਮਾਨਾ'ਤੇ ਹਮਲੇ ਦਾ ਨਿਸ਼ਚਾ ਕੀਤਾ ਹੈ । ਇਸ'ਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਸੱਤ ਸੌਹ ਸਹਾਬਾ ਦੇ ਨਾਲ ਪੇਸ਼ਕਦਮੀ ਕੀਤੀ । ਇਕ ਰਿਵਾਇਤ ਅਨੁਸਾਰ ਇਸ ਮੌਕੇ ਮੁਹਾਜਰਾਂ ਦਾ ਝੰਡਾ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਕੋਲ ਸੀ ।

ਉਫ਼ਕ ਦੀ ਘਟਨਾ ਅਰਥਾਤ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਸਪੁਤਰੀ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਉਪੱਰ ਮੁਨਾਫ਼ਕਾਂ ਵੱਲੋਂ ਆਰੋਪ ਲਾਏ ਜਾਣ ਦੀ ਘਟਨਾ ਬਨੂ ਮੁਸਤਲਕ ਦੀ ਜੰਗ ਤੋਂ ਵਾਪਸੀ ਸਮੇਂ ਵਾਪਰੀ । ਸਹੀ ਬੁਖ਼ਾਰੀ ਵਿੱਚ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਤੋਂ ਰਿਵਾਇਤ ਆਉਂਦੀ ਹੈ ਕਿ ਇਸ ਜੰਗ ਤੋਂ ਵਾਪਸੀ ਸਮੇਂ ਇਕ ਰਾਤ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਮਲ ਆਦਿ ਤਿਆਗਣ ਲਈ ਬਾਹਰ ਗਈਂ । ਜੱਦ ਆਪ ਵਾਪਸ ਪਰਤੀ ਤਾਂ ਆਪ ਨੇ ਆਪਣੇ ਗਲੇ ਦਾ ਨਗੀਨਿਆਂ ਵਾਲਾ ਹਾਰ ਗੁੰਮ ਹੋਇਆ ਦੇਖਿਆ ਤਾਂ ਆਪ ਰਜ਼ੀ ਅਲੱਾਹੁ ਅਨਹਾ ਹਾਰ ਲਭੱਣ ਲਈ ਵਾਪਸ ਗਈ ਅਤੇ ਜੱਦ ਭਾਲਣ ਮਗਰੋਂ

ਵਾਪਸ ਪਰਤੀ ਤਾਂ ਦੇਰ ਹੋਣ ਕਰਕੇ ਲਸ਼ਕਰ ਚੱਲ ਪਿਆ ਸੀ । ਸਫ਼ਵਾਨ ਬਿਨ ਮਾਅਤਲ ਜ਼ਕਵਾਨੀ ਜੋ ਲਸ਼ਕਰ ਦੇ ਪਿੱਛੇ ਸਨ, ਉਹਨਾ ਨੇ ਆਪ ਜੀ ਨੂੰ ਬਹੁਤ ਅਦਬ ਨਾਲ ਉਠਣੀ'ਤੇ ਸਵਾਰ ਕੀਤਾ ਅਤੇ ਲਸ਼ਕਰ ਨਾਲਆਣ ਮਿਲੇ । ਮਦੀਨੇ ਪਹੁੰਚਕੇ ਆਪ ਬਿਮਾਰ ਹੋ ਗਈ ਅਤੇ ਮੁਨਾਫ਼ਕਾਂ ਵਿੱਚ ਵੱਖ ਵੱਖ ਪ੍ਰਕਾਰ ਦੀਆਂ ਗੱਲਾਂ ਫ਼ੈਲ ਗਈਆਂ । ਆਪ ਰਜ਼ੀ ਅਲੱਾਹੁ ਅਨਹਾ ਫ਼ਰਮਬਾਉਂਦੀ ਹਨ ਕਿ ਮੈਂ ਇਹਨਾਂ ਸਾਰੀਆਂ ਗਲੱਾਂ ਤੋਂ ਬੇਖ਼ਰ ਸੀ ਪਰ ਮੈਂਨੂੰ ਬਿਮਾਰੀ ਵਿੱਚ ਇਹ ਗੱਲ ਬੇਚੈਨ ਕਰਦੀ ਕਿ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਤੋਂ ਉਹ ਮਿਹਰ ਨਾ ਦੇਖਦੀ ਸੀ । ਜੱਦ ਆਪ ਰਜ਼ੀ ਅਲੱਾਹੁ ਅਨਹਾ ਨੂੰ ਪਤਾ ਲਗੱਾ ਤਾਂ ਆਪ ਦੀ ਬਿਮਾਰੀ ਹੋਰ ਵੱਧ ਗਈ । ਇਸ ਲਈ ਆਪ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਤੋਂ ਆਗਿਆ ਲੈਕੇ ਆਪਣੇ ਮਾਂਪਿਆਂ ਦੇ ਘਰ ਆ ਗਈ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਤੋਂ ਇਸ ਮਾਮਲੇ ਵਿੱਚ ਸਲਾਹ ਲਈ । ਹਜ਼ਰਤ ਆਇਸ਼ਾ ਫ਼ਰਮਾਉਂਦੀ ਹਨ ਕਿ ਮੈਂ ਸਾਰਾ ਦਿਨ ਰੋਂਦੀ ਰਹਿੰਦੀ ਅਤੇ ਮੇਰੇ ਹੰਝੂ ਰੁਕਦੇ ਨਹੀਂ ਸਨ ਮੈਂਨੂੰ ਨੀਂਦ ਨਹੀਂ ਆਉਂਦੀ । ਇਕ ਮਹੀਨਾ ਇਨੇ ਪ੍ਰਕਾਰ ਲੰਘ ਗਿਆ ਅਤੇ ਫਿਰ ਇਕ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਆਇਸ਼ਾ ! ਜੇਕਰ ਤੁਸੀਂ ਬਰੀ ਹੋ ਤਾਂ ਰੱਬ ਅਵਸ਼ ਹੀ ਤੁਹਾਨੂ ਮੁਕਤ ਕਰੇਗਾ ਅਤੇ ਜੇਕਰ ਕੋਈ ਗ਼ਲਤੀ ਹੋ ਗਈ ਹੈ ਕਿ ਰੱਬ ਤੋਂ ਖ਼ਿਮਾ ਮੰਗੋ ਅਤੇ ਤੋਬਾ ਕਰੋ । ਹਜ਼ਰਤ ਆਇਸ਼ਾ ਨੇ ਆਪਣੇ ਮਾਂਪਿਆਂ ਨੂੰ ਚੁੱਪ ਦੇਖਕੇ ਅਰਜ਼ ਕੀਤੀ ਕਿ ਬ-ਖ਼ੁਦਾ ! ਮੈਂਨੂੰ ਪਤਾ ਲੱਗ ਗਿਆ ਹੈ ਕਿ ਉਹ ਗੱਲ ਆਪ ਲੋਕਾਂ ਦੇ ਦਿਲਾਂ ਵਿੱਚ ਬਹਿ ਗਏ ਹੈ । ਰੱਬ ਦੀ ਸਹੁੰ ! ਮੈਂ ਆਪਣੀ ਅਤੇ ਆਪ ਲੋਕਾਂ ਦੀ ਮਿਸਾਲ ਯੂਸੁਫ਼ ਦੇ ਪਿਤਾ ਵਾਂਗ ਦੇਖਦੀ ਹਾਂ ਜਿੰਨ੍ਹਾ ਨੇ ਕਿਹਾ ਸੀ ਕਿ () ਫ਼-ਸਬਰੁਨ ਜਮੀਲ, ਵਲੱਾਹੁਲ ਮੁਸਤਆਨੁ ਅਲਾ ਮਾ ਤਸਿਫ਼ੂਨ' ਅਰਥਾਤ ਚੰਗੀ ਤਰ੍ਹਾਂ ਸਬਰ ਕਰਨਾ ਹੀ ਮੇਰੇ ਲਈ ਓਉਚਿਤ ਹੈ ਅਤੇ ਜੋ ਗੱਲ ਤੁਸੀਂ ਵਰਨਣ ਕਰਦੇ ਹੋ ਉਸਦ ਪੂਰਨਤਾ ਲਈ ਰੱਬ ਤੋਂ ਹੀ ਦੁਆ ਮੰਗੀ ਜਾ ਸਕਦੀ ਹੈ । ਇਸ ਛੇਤੀ ਹੀ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ'ਤ ਵਹੀ ਨਾਜ਼ਲ ਹੋਈ ਅਤੇ ਜੱਦ ਇਹ ਵਹੀ ਦੀ ਅਵਸਥਾ ਜਾਂਦੀ ਰਹੀ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਚਿਹਰੇ'ਤੇ ਮੁਸਕਰਾਹਟ ਝਲਕ ਰਹੀ ਸੀ ਅਤੇ ਫਿਰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ, ਆਇਸ਼ਾ ! ਰੱਬ ਦੀ ਪ੍ਰਸ਼ੰਸਾ ਵਰਨਣ ਕਰੋ ਕਿ ਜਿਸਨੇ ਤੁਹਾਨੂੰ ਬਰੀ ਕੀਤਾ ਹੈ । ਹਜ਼ਰਤ ਆਇਸ਼ਾ ਦੀ ਮਾਂ ਨੇ ਕਿਹਾ ਕਿ ਹੇ, ਆਇਸ਼ਾ ! ਉੱਠੋ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਜਾਓ । ਹਜ਼ਰਤ ਆਇਸ਼ਾ ਨੇ ਕਿਹਾ ਕਿ ਨਹੀਂ, ਰੱਬ ਦੀ ਸਹੁੰ ! ਮੈਂ ਆਪ ਸਲਲੱਾਹੁ ਅਲੈਹਿ ਵਸਲੱਮ ਕੋਲ ਨਹੀਂ ਜਾਵਾਂਗੀ ਅਤੇ ਰੱਬ ਤੋਂ ਬਿਨਾਂ ਕਿਸੇ ਦੀ ਪ੍ਰਸ਼ੰਸਾ ਨਹੀਂ ਕਰਾਂਗੀ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਜੋ ਮਸਤਹ ਬਿਨ ਅਸਾਸਾ ਨੂੰ ਰਿਸਤੇਦਾਰੀ ਦੇ ਨੇੜਤਾ ਦੇ ਸਬਬ ਖ਼ਰਚ ਦਿਆ ਕਰਦੇ ਸਨ, ਜੱਦ ਰੱਬ ਨੇ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਦੇ ਬਰੀ ਹੋਣ ਦੀ ਵਹੀ ਕਰ ਦਿੱਤੀ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਸਹੁੰ ਖਾਧੀ ਕਿ ਉਹ ਭਵਿੱਖ ਵਿੱਚ ਮਸਤਹ ਬਿਨ ਅਸਾਸਾ ਨੂੰ ਖ਼ਰਚ ਨਹੀਂ ਦੇਣਗੇ । ਇਸ'ਥੇ ਰੱਬ ਨੇ ਇਹ ਆਇਤ ਨਾਜ਼ਿਲ ਕੀਤੀ ਕਿ ਤੁਹਾਡੇ ਵਿੱਚੋਂ ਸਨਮਾਨ ਯੋਗ ਤੇ ਸਮਰਥਾ ਯੋਗ ਆਪਣੇ ਨੇੜਤਾ ਰਖੱਣ ਵਾਲਿਆਂ, ਮਿਸਕੀਨਾ ਅਤੇ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਵਾਲਿਆਂ ਨੂੰ ਕੁਝ ਨ ਦੇਣ ਦੀ ਸਹੁੰ ਨ ਖਾਣ । ਇਸ ਆਇਤ ਦੇ ਨਾਜ਼ਿਲ ਹੋਣ ਦੇ ਬਾਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਮਸਤਹ ਦਾ ਖ਼ਰਚ ਦੁਬਾਰਾ ਸ਼ੁਰੂ ਕਰ ਦਿਤੱਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਦੇ ਹਨ ਕਿ ਰੱਬ ਨੇ ਆਪਣੇ ਆਚਰਣ ਵਿੱਚ ਇਹ ਦਾਖ਼ਲ ਕਰ ਰੱਖਿਆ ਹੈ ਕਿ ਉਹ ਵਾਦਾ ਕੀਤੀ ਗਈ ਭਵਿਖਬਾਣੀ ਨੂੰ ਤੋਬਾ, ਇਸਤਗ਼ਫ਼ਾਰ, ਦੁਆ ਅਤੇ ਸਦਕੇ (ਦਾਨ) ਨਾਲ ਟਾਲ ਦਿੰਦਾ ਹੈ । ਇਸੇ ਪ੍ਰਕਾਰ ਮਨੁੱਖ ਨੂੰ ਵੀ ਇਹੋ ਆਚਰਣ ਸਿਖਾਏ ਹਨ । ਜਿਵੇਂ ਕਿ ਕੁਰਆਨ ਕਰੀਮ ਤੇ ਹਦੀਸਾਂ ਤੋਂ ਪ੍ਰਮਾਣਤ ਹੈ ਕਿ ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਬਾਰੇ ਜੋ ਮੁਨਾਫ਼ਕਾਂ ਨੇ ਕੇਵਲ ਬੁਰਾਈ ਦੇ ਪੱਖੋਂ ਘਟਨਾ ਵਿਰੁਧ ਆਰੋਪ ਲਾਇਆ ਸੀ, ਇਸ ਚਰਚਾ ਵਿੱਚ ਕੁਝ ਸਾਦੇ ਸੁਭਾਵੀ ਲੋਕ ਵੀ ਸ਼ਾਮਲ ਹੋ ਗਏ ਸਨ । ਇਕ ਸਹਾਬੀ ਅਜਿਹੇ ਸਨ ਕਿ ਕਿ ਉਹ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਘਰੋਂ ਦੋ ਸਮੇਂ ਦੀ ਰੋਟੀ ਖਾਂਦੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਉਸ ਦੀ ਖ਼ਤਾ ਕਰਕੇ ਸਹੁੰ ਖਾਧੀ ਸੀ ਕਿ ਅਤੇ ਵਾਦੇ ਦੇ ਰੂਪ ਵਿੱਚ ਅਹਿਦ ਕਰ ਲਿਆ ਕਿ ਮੈਂ ਇਸ ਹਰਕਤ ਦੇ ਸਬਬ ਇਸ ਨੂੰ ਕਦੇ ਵੀ ਰੋਟੀ ਨਹੀਂ ਦਿਆਂਗਾ। ਇਸ'ਤੇ ਇਹ ਆਇਤ ਨਾਜ਼ਿਲ ਹੋਈ (ਅਰਥਾਤ : ਅਤੇ ਚਾਹੀਦਾ ਹੈ ਕਿ ਦਰਗੁਜ਼ਰ ਤੋਂ ਕੰਮ ਲੈਂਣ ਅਤੇ ਦਰਗ਼ੁਜ਼ਰ ਕਰਨ, ਕੀ ਤੁਸੀਂ ਨਹੀਂ ਚਾਹੁੰਦੇ ਕਿ ਰੱਬ

ਤੁਹਾਡੇ ਕੁਸੂਰ ਤੁਹਾਨੂੰ ਮੁਆਫ਼ ਕਰੇ ਅਤੇ ਰੱਬ ਬਹੁਤ ਮੁਆਫ਼ ਕਰਨ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ।) ਫਿਣ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਆਪਣੇ ਇਸ ਅਹਿਦ ਨੂੰ ਤੋੜ ਦਿਤੱਾ ਅਤੇ ਨਿਰੰਤਰ ਰੋਟੀ ਲਾ ਦਿੱਤੀ । ਹਜਤਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਇਸੇ ‘ਤੇ ਅਧਾਰਤ ਇਲਾਮੀ ਆਚਰਣ ਵਿੱਚ ਦਾਖ਼ਲ ਹੈ ਕਿ ਜੇਕਰ ਅਹਿਦ ਦੇ ਰੂਪ ਵਿੱਚ ਕੋਈ ਪ੍ਰਣ ਕਰ ਲਿਆ ਜਾਏ ਤਾਂ ਇਸ ਦਾ ਤੋੜਨਾ ਚੰਗੇ ਆਚਰਣ ਵਿੱਚ ਦਾਖ਼ਲ ਹੈ । ਉਧਾਰਣ ਲਈ ਕੋਈ ਆਪਣੇ ਸੇਵਕ ਬਾਰੇ ਸਹੁੰ ਖਾਏ ਕਿ ਮੈਂ ਇਸਨੂੰ ਅਵਸ਼ ਹੀ ਜੁੱਤੀਆਂ ਮਾਰਾਂਗਾ ਤਾਂ ਉਸ ਦੀ ਤੌਬਾ ਅਤੇ ਪ੍ਰਾਸਚਿਤ ਕਰਨ’ਤੇ ਉਸਨੂੰ ਮੁਆਫ਼ ਕਰਨਾ ਇਸਲਾਮੀ ਸੁਨੱਤ ਹੈ ਤਾਂ ਜੋ ਇਹ ਆਚਰਣ ਰੱਬ ਦਾ ਆਚਰਣ ਬਣ ਜਾਏ ਪਰ ਵਾਦੇ ਦਾ ਫਿਰ ਜਾਣਾ ਉਚਿਤ ਨਹੀਂ । ਵਾਦੇ ਨੂੰ ਤਿਆਗਣ’ਤੇ ਪੁਛ ਗਿੱਛ ਹੋਵੇਗੀ ਪਰ ਆਪਣੇ ਆਪ ਨਾਲ ਕੀਤੇ ਵਾਦੇ’ਤੇ ਨਹੀਂ ।

ਮੱਕੇ ਦੇ ਕੁਰੈਸ਼ਾਂ ਅਤੇ ਮੁਸਲਮਾਨਾ ਵਿੱਚ ਤੀਜ਼ਾ ਵਡੱਾ ਮਾਰਕਾ ਅਹਿਜ਼ਾਬ ਦੀ ਜੰਗ ਸ਼ਵਾਲ ਦੀ ਪੰਜ ਹਿਜਰੀ ਵਿੱਚ ਹੋਈ । ਬਨੂ ਨਜ਼ੀਰ ਦੇ ਯਹੂਦੀ ਤੜੀਪਾਰ ਮਗਰੋਂ ਖ਼ੈਬਰ ਚਲੇ ਗਏ ਸਨ । ਉੱਥੇ ਜਾਕੇ ਉਹਨਾ ਨੇ ਮੱਕੇ ਦੇ ਕੁਰੈਸ਼ਾਂ ਅਤੇ ਅਰਬ ਦੇਸ਼ ਦੇ ਹੋਰਨਾ ਕਬੀਲਿਆਂ ਨਾਲ ਸੰਧੀ ਕਰਕੇ ਦੱਸ ਹਜ਼ਾਰ ਦਾ ਲਸ਼ਕਰ ਤਿਆਰ ਕਰ ਲਿਆ । ਜੱਦ ਇਹ ਖ਼ਬਰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਮਿਲੀ ਤਾਂ ਆਪ ਨੇ ਮਸ਼ਵਰਾ ਕੀਤਾ ਅਤੇ ਹਜ਼ਰਤ ਸਲਮਾਨ ਫ਼ਾਰਸੀ ਰਜ਼ੀ ਅਲੱਾਹੁ ਅਨਹੁ ਦੇ ਮਸ਼ਵਰੇ ਨਾਲ ਮਦੀਨੇ ਦੇ ਉਤੱਰੀ ਪਾਸਾ ਜੋ ਖੁਲੱਾ ਸੀ ਛੇ ਦਿਨਾ ਵਿੱਚ ਸਾਢੇ ਤਿੰਨ ਮੀਲ ਲੰਮੀ ਖ਼ੰਦਕ (ਖਾਈ) ਪੁੱਟ ਦਿੱਤੀ ਗਈ । ਖਾਈ ਪੁਟੱਣ ਵਿੱਚ ਕੋਈ ਮੁਸਲਮਾਨ ਵੀ ਪਿੱਛੇ ਨ ਰਿਹਾ । ਜੱਦ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਟੋਕਰੀਆਂ ਨ ਮਿਲਦੀਆਂ ਤਾਂ ਛੇਤੀ ਵਿੱਚ ਆਪਣੇ ਕਪੜਿਆਂ ਵਿੱਚ ਮਿੱਟੀ ਭਰਕੇ ਹਟਾਂਉਂਦੇ । ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਮੁਸਲਮਾਨਾ ਦੇ ਇਕ ਭਾਦ ਦੀ ਅਗਵਾਈ ਕਰ ਰਹੇ ਸਨ ਅਤੇ ਬਾਦ ਵਿੱਚ ਇਸ ਥਾਂ ਇਕ ਮਸਜਿਦ ਬਣਾ ਦਿੱਤੀ ਗਈ, ਜਿਸ ਨੂੰ ਮਸਜਿਦੇ ਸਿੱਦੀਕ ਕਿਹਾ ਜਾਂਦਾ ਸੀ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਭਵਿੱਖ ਵਿੱਚ ਵੀ ਜਾਰੀ ਰਹਿਣ ਦਾ ਆਖਕੇ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਮੁਕਰੱਮਾ ਮੁਬਾਰਕਾ ਬੇਗ਼ਮ ਸਾਹਿਬਾ ਸੁਪੱਤਨੀ ਮੁਖ਼ਤਾਰ ਅਹਮਦ ਗੋਂਦਲ ਸਾਹਬ, ਮਕਰੱਮ ਮੀਰ ਅਬਦੁਲ ਵਹੀਦ ਸਾਹਬ ਲਆਫ਼ ਅਬਰੀਕਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾ ਪੜ੍ਹਾਉਂਣ ਦਾ ਐਲਾਨ ਕੀਤਾ । ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ أَنْ لَّآ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِى الْقُرْبٰى وَيَنْهٰى
عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 28.01.2022**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131